
# ਈ-ਕੰਟੈਂਟ ਅਧਿਆਪਕ

# ਸਿਖਲਾਈ ਮੈਨੂਅਲ

# ਈ-ਕੰਟੈਂਟ ਅਧਿਆਪਕ ਸਿਖਲਾਈ ਮੈਨੂਅਲ
# ਸਰਵ ਸਿੱਖਿਆ ਅਭਿਆਨ, ਪੰਜਾਬ

ਵਿਗਿਆਨ




ਅੰਗ੍ਰੇਜ਼ੀ




ਗਣਿਤ




ਸਮਾਜਿਕ ਵਿਗਿਆਨ



Punjab
Punjab Edusat Society

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ, ਵਧੋ ਸਾਰੇ

# ਮੁੱਖ ਬੰਧ

ਸਰਵ ਸਿੱਖਿਆ ਅਭਿਆਨ ਪੰਜਾਬ, ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਕਲਾਸ ਛੇਵੀਂ ਤੋਂ ਅੱਠਵੀਂ ਤੱਕ ਕੰਪਿਊਟਰ ਦੀ ਸਹਾਇਤਾ ਰਾਹੀਂ ਸਿੱਖਿਆ ਮੁਹੱਈਆ ਕਰਵਾਉਣ ਦਾ ਉਪਰਾਲਾ ਕਰ ਰਿਹਾ ਹੈ। ਵਿਦਿਆਰਥੀਆਂ ਨੂੰ ਅਜੋਕੇ ਸਮੇਂ ਦੇ ਤਕਨੀਕੀ ਯੁੱਗ ਵਿੱਚ ਵਿਚਰਣ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ।

ਕੰਪਿਊਟਰ ਦੀ ਸਹਾਇਤਾ ਰਾਹੀਂ ਸਿੱਖਿਆ (CAL) ਦਾ ਭਾਵ ਮਲਟੀ-ਮੀਡੀਆ ਤੇ ਅਧਾਰਿਤ ਵਿਸ਼ਾ-ਵਸਤੂ ਨਾਲ ਬੱਚਿਆਂ ਨੂੰ ਪੜ੍ਹਾਈ ਵੱਲ ਆਕਰਸ਼ਿਤ ਕਰਨਾ, ਉਹਨਾਂ ਨੂੰ ਸਕੂਲਾਂ ਨਾਲ ਜੋੜਨਾ ਅਤੇ ਸਿੱਖਿਆ ਵਿੱਚ ਗੁਣਵੱਤਾ ਨੂੰ ਵਧਾਉਣਾ ਹੈ। ਮਲਟੀ-ਮੀਡੀਆ ਰਾਹੀਂ ਐਨੀਮੇਟਿਡ ਕਾਰਟੂਨ, ਖੇਡਾਂ ਅਤੇ ਬੁਝਾਰਤਾਂ ਆਦਿ ਦੀ ਵਰਤੋਂ ਕਰਕੇ ਗਣਿਤ, ਵਿਗਿਆਨ, ਅੰਗਰੇਜੀ ਅਤੇ ਸਮਾਜਿਕ ਵਿਗਿਆਨ ਦੇ ਵਿਸ਼ਿਆਂ ਨੂੰ ਸਰਲ ਅਤੇ ਰੌਚਕ ਬਣਾਇਆ ਗਿਆ ਹੈ।

ਅਧਿਆਪਕ ਇਸ ਮੈਨੂਅਲ ਨਾਲ ਸਕੂਲ ਵਿੱਚ ਸਬੰਧਿਤ ਵਿਸ਼ੇ ਦੇ ਪਾਠਾਂ ਨੂੰ ਕੰਪਿਊਟਰ ਰਾਹੀਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨਗੇ।

# ਵਿਸ਼ਾ-ਸੂਚੀ

**ਜਾਣ ਪਛਾਣ**

**ਮੁੱਖ ਉਦੇਸ਼**

**ਸਿਖਲਾਈ ਲਈ ਵਿਸ਼ਾ-ਵਸਤੂ ਦੇ ਖੰਡ/ਘਟਕ**

- ❖ ਮੁੱਢਲੀਆਂ ਸ਼ਰਤਾਂ
- ❖ ਅਧਿਐਨ ਉਦੇਸ਼
- ❖ ਅਧਿਐਨ ਖੰਡ
- ❖ ਕਿਰਿਆਵਾਂ
- ❖ ਸਾਰ
- ❖ ਸਵੈ-ਮੁਲਾਂਕਣ (ਬਹੁ ਵਿਕਲਪੀ ਪ੍ਰਸ਼ਨ ਅਤੇ ਖੇਡਾਂ)
- ❖ ਵਧੇਰੇ ਜਾਣਕਾਰੀ
- ▪ ਅਭਿਆਸ
- ▪ ਸੰਦਰਭ
- ● ਪੁਸਤਕਾਂ
- ● ਵੈਬਲਿੰਕਸ

## ਵਿਸ਼ਾ - ਵਸਤੂ

- ❖ ਵਿਸਤਾਰ
- ❖ ਕਾਲਪਨਿਕ ਸਪਸ਼ਟੀਕਰਣ ਅਤੇ ਮਲਟੀ-ਮੀਡੀਆ
- ❖ ਵਿਸ਼ੇਸ਼ ਗੁਣ
- ❖ ਅਧਿਐਨ ਵਿਸ਼ਾ-ਵਸਤੂ ਦਾ ਪ੍ਰਯੋਗ ਕਿਵੇਂ ਕਰੀਏ?

**ਵਿਦਿਆਰਥੀਆਂ ਲਈ**

**ਅਧਿਆਪਕਾਂ ਲਈ**

- ਕਾਰਜਸ਼ੀਲ ਬਟਨ
- ਮੁੱਢਲੀਆਂ ਸ਼ਰਤਾਂ ਵਿੱਚ ਪ੍ਰਵੇਸ਼ ਕਰੋ।
- ਅਧਿਐਨ ਉਦੇਸ਼ ਵਿੱਚ ਪ੍ਰਵੇਸ਼ ਕਰੋ।
- ਅਧਿਐਨ ਖੰਡ ਵਿੱਚ ਪ੍ਰਵੇਸ਼ ਕਰੋ।
- ਜ਼ੂਮ ਐਨੀਮੇਸ਼ਨ
- ਸਾਰ ਵਿੱਚ ਪ੍ਰਵੇਸ਼ ਕਰੋ।
- ਪਰੀਖਿਆ ਖੰਡ ਵਿੱਚ ਪ੍ਰਵੇਸ਼ ਕਰੋ।
- ਵਧੇਰੇ ਜਾਣਕਾਰੀ ਖੰਡ ਵਿੱਚ ਪ੍ਰਵੇਸ਼ ਕਰੋ।
- ਸ਼ਬਦ ਸੰਗ੍ਰਹਿ
- ਖੇਡ ਬਟਨ
- ਮੁੱਖ ਪੰਨੇ ਤੇ ਵਾਪਿਸ ਕਿਵੇਂ ਜਾਈਏ?
- ਬੰਦ ਕਿਵੇਂ ਕਰੀਏ?
- ਜ਼ਰੂਰੀ ਹਾਰਡਵੇਅਰ ਅਤੇ ਸਾਫਟਵੇਅਰ

ਜਾਣ-ਪਛਾਣ

ਵਿਦਿਆਰਥੀਆਂ ਦੇ ਪਾਠਕ੍ਰਮ ਨੂੰ ਕੰਪਿਊਟਰ ਰਾਹੀਂ ਰੋਚਕ ਅਤੇ ਸੁਖਾਲਾ ਬਣਾਉਣ ਲਈ ਇਹ ਕੰਪਿਊਟਰ ਦੀ ਸਹਾਇਤਾ ਰਾਹੀਂ ਸਿੱਖਿਆ (CAL) ਪ੍ਰੋਗਰਾਮ ਉਲੀਕਿਆ ਗਿਆ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਲਾਭਕਾਰੀ ਸਿੱਧ ਹੋਵੇਗਾ। ਪੰਜਾਬ ਐਜੂਸੈਟ ਸੁਸਾਇਟੀ ਦੁਆਰਾ ਚਲਾਇਆ ਜਾਣ ਵਾਲਾ ਇਹ ਕੈਲ ਪ੍ਰੋਗਰਾਮ ਕਮਜ਼ੋਰ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਭਰਪੂਰ ਲਾਭਦਾਇਕ ਹੋਵੇਗਾ। ਇਸ ਪ੍ਰੋਗਰਾਮ ਦੁਆਰਾ ਪ੍ਰਾਪਤ ਕੀਤਾ ਜਾਣ ਵਾਲਾ ਗਿਆਨ ਚਿਰ ਸਥਾਈ ਹੋਵੇਗਾ ਅਤੇ ਅਗਲੀਆਂ ਜਮਾਤਾਂ ਵਿੱਚ ਵੀ ਮੱਦਦਗਾਰ ਸਿੱਧ ਹੋਵੇਗਾ। ਇਹ ਪ੍ਰੋਗਰਾਮ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਸ਼ਿਆਂ ਹਿਸਾਬ, ਅੰਗਰੇਜ਼ੀ, ਸਾਇੰਸ ਅਤੇ ਸਮਾਜਿਕ ਵਿਗਿਆਨ ਦੇ ਪਾਠਕ੍ਰਮਾਂ ਨੂੰ ਧਿਆਨ ਵਿੱਚ ਰੱਖਦਿਆਂ ਬਣਾਇਆ ਗਿਆ ਹੈ। ਪੜ੍ਹਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵਿਸ਼ੇ ਦੇ ਪਾਠ ਦੇ ਨਾਲ-ਨਾਲ ਸੁਣਨਾ, ਦੇਖਣਾ ਅਤੇ ਕਿਰਿਆਤਮਕ ਕਿਰਿਆਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

## ਮੁੱਖ ਉਦੇਸ਼: Module Objective

- ਵਿਦਿਆਰਥੀਆਂ ਦੇ ਪੜ੍ਹਾਈ ਦੇ ਕੰਮ ਨੂੰ ਸੁਖਾਲਾ ਬਣਾਉਣਾ।
- ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ।
- ਸਿੱਖਣ ਸਿਖਾਉਣ ਦੀ ਪ੍ਰਕਿਰਿਆ ਨੂੰ ਤੇਜ, ਸੁਖਾਲੀ ਅਤੇ ਦਿਲਚਸਪ ਬਣਾਉਣਾ।
- ਵਿਦਿਆਰਥੀਆਂ ਦੇ ਅਕਾਦਮਿਕ ਪ੍ਰੋਫੌਰਮੈਂਸ ਵਿੱਚ ਵਾਧਾ ਕਰਨਾ ਜਿਸ ਨਾਲ ਉਹਨਾਂ ਦੀ ਯਾਦ ਸ਼ਕਤੀ ਚਿਰ ਸਥਾਈ ਬਣੇ।
- ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਵਿੱਚ ਸੁਧਾਰ ਲਿਆਉਣਾ।
- ਪ੍ਰਭਾਵਸ਼ਾਲੀ ਅਤੇ ਸੰਪੂਰਨ ਤਰੀਕੇ ਨਾਲ ਪੜ੍ਹਾਉਣ ਲਈ ਅਧਿਆਪਕਾਂ ਦੀ ਸਹਾਇਤਾ ਕਰਨਾ।
- ਨਤੀਜੇ 100% ਤੱਕ ਲੈ ਜਾਣ ਲਈ ਇਕ ਸੁਵਿਧਾਜਨਕ ਤਰੀਕਾ।

- ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ ਲਈ ਯੋਗ ਉਪਰਾਲਾ।
- ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਇਕਾਗਰਤਾ ਬਣਾਉਣਾ।
- ਮੁਸ਼ਕਿਲ ਪਾਠਕ੍ਰਮ ਨੂੰ ਆਸਾਨ ਬਣਾਉਣਾ।

ਵਿਸ਼ਾ ਵਸਤੂ ਵਿੱਚ ਪੂਰਵ ਗਿਆਨ, ਅਧਿਐਨ ਦੇ ਉਦੇਸ਼, ਅਧਿਐਨ ਖੰਡ, ਸਾਰ, ਪ੍ਰੀਖਿਆ ਅਤੇ ਵਾਧੂ ਜਾਣਕਾਰੀ ਸ਼ਾਮਿਲ ਕੀਤੀ ਗਈ ਹੈ। ਇਹ ਵਿਦਿਆਰਥੀਆਂ ਨੂੰ ਸਿਧਾਂਤਿਕ ਵਿਆਖਿਆ ਸਮਝਣ ਦੇ ਯੋਗ ਬਣਾਉਂਦੀ ਹੈ ਅਤੇ ਪ੍ਰਾਪਤ ਹੋਏ ਗਿਆਨ ਨੂੰ ਮਲਟੀਮੀਡੀਆ ਦੀ ਸਹਾਇਤਾ ਨਾਲ ਪ੍ਰਯੋਗਿਕ ਪ੍ਰਸ਼ਨਾਂ ਨਾਲ ਜੋੜਦੀ ਹੈ। ਇਸ ਲਈ ਵਿਸ਼ਾ-ਵਸਤੂ ਦੀ ਸੀ.ਡੀ. ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਉਣ ਲਈ ਇਕ ਚੰਗੇ ਸਹਿਯੋਗੀ ਦੇ ਰੂਪ ਵਿੱਚ ਸਿੱਧ ਹੋ ਸਕਦੀ ਹੈ ਅਤੇ ਵਿਦਿਆਰਥੀਆਂ ਦੇ ਸਮਝਣ ਲਈ ਕਾਰਗਰ ਸਿੱਧ ਹੋ ਸਕਦੀ ਹੈ।

## ਸਿਖਲਾਈ ਲਈ ਵਿਸ਼ਾ ਵਸਤੂ ਦੇ ਖੰਡ/ਘਟਕ।

- **ਮੁੱਢਲੀਆਂ ਸ਼ਰਤਾਂ:**
- ਖੋਜ ਤੋਂ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਨਵੇਂ ਪਾਠਕ੍ਰਮ ਦੀ ਸਿਖਲਾਈ, ਸਿਖਿਆਰਥੀ ਨੂੰ ਪਹਿਲਾਂ ਤੋਂ ਹੀ ਪ੍ਰਾਪਤ ਜਾਣਕਾਰੀ ਤੇ ਨਿਰਭਰ ਕਰਦਾ ਹੈ।
- ਇਸ ਕਾਰਣ ਅਧਿਐਨ ਖੰਡ ਵਿੱਚ ਜਾਣ ਤੋਂ ਪਹਿਲਾ ਸਿੱਖਿਆਰਥੀ ਨੂੰ ਪਹਿਲਾਂ ਤੋਂ ਹੀ ਜਾਣਕਾਰੀ ਰੱਖਣ ਦੇ ਉਦੇਸ਼ ਨਾਲ ਸਾਰੇ ਵਿਸ਼ਾ ਵਸਤੂਆਂ ਵਿੱਚ ਪੂਰਵ ਗਿਆਨ ਜਾਨਣ ਬਾਰੇ ਦੱਸਿਆ ਗਿਆ ਹੈ।
- ਪਰਿਭਾਸ਼ਿਤ ਸ਼ਬਦਾਂ ਜਾਂ ਉਪ-ਪ੍ਰਸੰਗਾਂ ਜਿਨ੍ਹਾਂ ਦੀ ਜਾਣਕਾਰੀ ਜਰੂਰੀ ਹੈ ਨੂੰ ਸਪਸ਼ਟ ਕੀਤਾ ਗਿਆ ਹੈ। ਯਾਦ ਕਰਨ ਲਈ ਇਸ ਨੂੰ ਪੋਪ ਅੱਪ ਵਿੱਚ ਪੜ੍ਹਿਆ ਅਤੇ ਸਮਝਿਆ ਜਾ ਸਕਦਾ ਹੈ।

❖ **ਅਧਿਐਨ ਉਦੇਸ਼:** ਪਾਠਕ੍ਰਮ ਨੂੰ ਧਿਆਨ ਵਿੱਚ ਰੱਖਦੇ ਹੋਏ ਉਦੇਸ਼ ਨਿਰਧਾਰਿਤ ਕੀਤੇ ਗਏ ਹਨ ਉਦੇਸ਼ਾਂ ਅਨੁਸਾਰ ਅਧਿਐਨ ਖੰਡ ਵਿੱਚ ਪ੍ਰਵੇਸ਼ ਕੀਤਾ ਜਾਂਦਾ ਹੈ।

## ❖ ਅਧਿਐਨ ਖੰਡ:

- ਅਧਿਐਨ ਖੰਡ, ਅਧਿਐਨ ਵਿਸ਼ਾ ਵਸਤੂ ਦਾ ਇਕ ਮਹੱਤਵਪੂਰਨ ਖੰਡ ਹੈ।
- ਇਹ ਜਰੂਰਤ ਪੈਣ ਤੇ ਸੰਕਲਪਨਾ, ਸਿਧਾਂਤ, ਵਿਆਖਿਆ ਵਿਸ਼ਲੇਸ਼ਣ ਦੀ ਵਿਸਥਾਰ ਸਹਿਤ ਜਾਣਕਾਰੀ ਦਿੰਦਾ ਹੈ।
- ਇਸ ਖੰਡ ਵਿੱਚ ਤਸਵੀਰਾਂ, ਐਨੀਮੇਸ਼ਨ. ਕਿਰਿਆਤਮਕ ਅਧਿਐਨ, ਵਿਦਿਆਰਥੀਆਂ ਦੀ ਕਲਪਿਤ ਸਪੱਸ਼ਟੀਕਰਨ ਅਤੇ ਸਮਝ ਨੂੰ ਮਜਬੂਤ ਬਣਾਉਂਦੀਆਂ ਹਨ।
- ਪਾਠਕ੍ਰਮ ਦੇ ਆਧਾਰ ਤੇ ਵਿਆਖਿਆ ਠੀਕ ਅਤੇ ਸੰਖੇਪ ਵਿੱਚ ਉਦਾਹਰਣ ਸਹਿਤ ਦਿੱਤੀ ਗਈ ਹੈ ਜੋ ਸਮਝਣ ਵਿੱਚ ਆਸਾਨ ਹੈ।
- ਵਿਸ਼ਾ ਵਸਤੂ ਨੂੰ ਵਧੀਆ ਬਣਾਉਣ ਲਈ ਵਿਸ਼ਾ ਮਾਹਿਰਾਂ ਦੁਆਰਾ ਕਈ ਪੁਸਤਕਾਂ ਦੀ ਸਹਾਇਤਾ ਲਈ ਗਈ ਹੈ।
- ਜਦੋਂ ਸਕਰੀਨ ਤੇ ਤਸਵੀਰਾਂ ਜਾਂ ਐਨੀਮੇਸ਼ਨ (ਚਲ-ਚਿੱਤਰ) ਆਉਂਦੀਆਂ ਹਨ ਤਾਂ ਪਾਠਕ੍ਰਮ ਦਾ ਤਸਵੀਰਾਂ ਨਾਲ ਜੁੜਕੇ ਵਿਦਿਆਰਥੀਆਂ ਦੇ ਦਿਲ ਅਤੇ ਦਿਮਾਗ ਤੇ ਡੂੰਘਾ ਪ੍ਰਭਾਵ ਛੱਡਦਾ ਹੈ ਅਤੇ ਪਾਠਕ੍ਰਮ ਜਿਆਦਾ ਦੇਰ ਤੱਕ ਉਸਦੇ ਦਿਮਾਗ ਵਿੱਚ ਰਹਿੰਦਾ ਹੈ।

## ❖ ਕਿਰਿਆਵਾਂ:

ਕਿਰਿਆਤਮਕ ਢੰਗ ਨਾਲ ਵਿਦਿਆਰਥੀ ਦਾ ਸਿੱਖਣਾ ਉਸਦੀ ਸਿੱਖਣ ਸ਼ਕਤੀ, ਤਰਕ ਸ਼ਕਤੀ ਅਤੇ ਢੁਕਵਾਂ ਫੈਸਲਾ ਲੈਣ ਦੀ ਸ਼ਕਤੀ ਨੂੰ ਵਧਾਉਂਦਾ ਹੈ।

## ❖ ਵਰਗ-ਸ਼ਬਦ ਪਹੇਲੀ:

ਇਕ ਦਿੱਤੇ ਵਰਗ ਅੰਦਰ ਬਣੇ ਛੋਟੇ ਡੱਬਿਆਂ ਵਿੱਚ ਕੁਝ ਸ਼ਬਦ ਭਰੇ ਹੁੰਦੇ ਹਨ, ਵਿਦਿਆਰਥੀ ਆਪ ਆਪਣੀ ਸਮਝ ਨਾਲ ਖਾਲੀ ਥਾਵਾਂ ਨੂੰ ਭਰਦੇ ਹੋਏ ਮਹੱਤਵਪੂਰਣ ਸ਼ਬਦ ਬਣਾ ਸਕਦੇ ਹਨ ਅਤੇ ਆਪਣੇ ਗਿਆਨ ਵਿੱਚ ਵਾਧਾ ਕਰ ਸਕਦੇ ਹਨ।

## ❖ ਸਾਰ:

- ਸਾਰ ਵਿੱਚ ਅਧਿਐਨ ਖੰਡ ਦੇ ਸਾਰੇ ਮਹੱਤਵਪੂਰਨ ਮੁੱਖ ਅੰਸ਼ਾਂ ਨੂੰ ਸਪਸ਼ਟ ਰੂਪ ਵਿੱਚ ਦਰਸਾਇਆ ਗਿਆ ਹੈ।
- ਵਿਦਿਆਰਥੀ ਦੀ ਮਾਨਸਿਕ ਸੋਚ ਨੂੰ ਇਸ ਤਰ੍ਹਾਂ ਬਣਾਉਂਦਾ ਹੈ ਕਿ ਉਸ ਦੁਆਰਾ ਜੋ ਕੁਝ ਵੀ ਪੜ੍ਹਿਆ ਗਿਆ ਹੈ ਯਾਦ ਆ ਸਕੇ। ਇਸ ਤਰ੍ਹਾਂ ਵਿਦਿਆਰਥੀ ਦੁਆਰਾ ਜੋ ਕੁਝ ਵੀ ਪੜ੍ਹਿਆ ਹੁੰਦਾ ਹੈ ਲੰਬੇ ਸਮੇਂ ਲਈ ਦਿਮਾਗ ਵਿੱਚ ਵੀ ਰਹਿੰਦਾ ਹੈ।
- ਸਾਰ ਪੜ੍ਹਨ ਨਾਲ ਵਿਦਿਆਰਥੀ ਦੁਆਰਾ ਅਧਿਐਨ ਖੰਡ ਵਿੱਚ ਪੜ੍ਹੇ ਸਾਰੇ ਪ੍ਰਸੰਗਾਂ ਨੂੰ ਯਾਦ ਕਰਵਾਇਆ ਜਾਂਦਾ ਹੈ।

## ❖ ਬਹੁ-ਵਿਕਲਪੀ ਪ੍ਰਸ਼ਨ/ MCQ:

- ਬਹੁ ਵਿਕਲਪੀ ਪ੍ਰਸ਼ਨਾਂ ਦਾ ਇਕ ਅਜਿਹਾ ਸਮੂਹ ਹੈ ਜਿਸ ਵਿੱਚ ਵਿਦਿਆਰਥੀ ਦੁਆਰਾ ਅਧਿਐਨ ਖੰਡ ਦੇ ਅੰਤ ਵਿੱਚ ਉੱਤਰ ਦੇਣਾ ਲਾਜਮੀ ਹੈ।
- ਇਹਨਾਂ ਪ੍ਰਸ਼ਨਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਉੱਤਰ ਦੇਣ ਲੱਗਿਆਂ ਜਿਆਦਾ ਸਮਾਂ ਨਾ ਲੱਗੇ।
- ਅਸਲ ਵਿੱਚ ਇਹ ਪ੍ਰਸ਼ਨ ਯਾਦ ਸ਼ਕਤੀ ਅਤੇ ਤੀਖਣ ਬੁੱਧੀ ਤੇ ਅਧਾਰਿਤ ਹਨ।

## ❖ ਹੋਰ ਵਧੇਰੇ ਜਾਣਕਾਰੀ:

- ਇਸ ਖੰਡ ਵਿੱਚ ਕੁਝ ਵਾਧੂ ਗਿਆਨ ਜੋ ਕਿ ਅਧਿਐਨ ਖੰਡ ਵਿੱਚ ਮੌਜੂਦ ਵਿਸ਼ਾ-ਸਮੱਗਰੀ ਨਾਲ ਜੁੜਿਆ ਹੁੰਦਾ ਹੈ, ਦਿੱਤਾ ਗਿਆ ਹੈ।
- ਜੇਕਰ ਵਿਦਿਆਰਥੀ ਪ੍ਰਸੰਗ ਤੋਂ ਇਲਾਵਾ ਹੋਰ ਤੱਥ ਸਮਝਣਾ ਚਾਹੁੰਦਾ ਹੈ ਤਾਂ ਇਸ ਖੰਡ ਰਾਹੀਂ ਉਹਨਾਂ ਸਾਰੇ ਤੱਥਾਂ ਨੂੰ ਹਾਸਿਲ ਕਰ ਸਕਦਾ ਹੈ। ਇਸ ਖੰਡ ਵਿੱਚ ਹੇਠ ਦਿੱਤੇ ਭਾਗ ਹਨ:

- **ਅਭਿਆਸ:** ਇਸ ਵਿੱਚ ਸਿੱਖਿਆਰਥੀ ਨੂੰ ਕੁਝ ਪ੍ਰਸ਼ਨਾਂ ਦਾ ਸਮੂਹ ਦਿੱਤਾ ਜਾਂਦਾ ਹੈ। ਸਿੱਖਿਆਰਥੀ ਉਹਨਾਂ ਪ੍ਰਸ਼ਨਾਂ ਨੂੰ ਹੱਲ ਕਰਕੇ ਆਪਣਾ ਸਵੈ ਵਿਸ਼ਲੇਸ਼ਣ ਕਰ ਸਕਦਾ ਹੈ ਜੋ ਕਿ ਪ੍ਰੀਖਿਆ ਦੀ ਤਿਆਰੀ ਕਰਨ ਵਿੱਚ ਸਹਾਇਕ ਹੁੰਦਾ ਹੈ।

- **ਸੰਦਰਭ:**

  - **ਪੁਸਤਕਾਂ:** ਵਿਦਿਆਰਥੀ ਵਿਸ਼ਾ ਵਸਤੂ ਨਾਲ ਸਬੰਧਿਤ ਪ੍ਰਸੰਗਾਂ ਨੂੰ ਪੁਸਤਕਾਂ ਵਿੱਚੋਂ ਪੜ੍ਹ ਸਕਦਾ ਹੈ।

  - **ਵੈਬ-ਲਿੰਕ:** ਸਬੰਧਿਤ ਵੈਬ-ਲਿੰਕ ਤੇ ਕਲਿੱਕ ਕਰਕੇ ਵਿਦਿਆਰਥੀ ਆਪਣੀ ਸਮਝ ਤੇ ਸੰਦੇਹ ਦਾ ਸਪੱਸ਼ਟੀਕਰਨ ਕਰ ਸਕਦੇ ਹਨ।

2. **ਵਿਸ਼ਾ-ਵਸਤੂ**

- ਇਹ ਸਿੱਧ ਹੋ ਚੁੱਕਿਆ ਹੈ ਕਿ ਜੇਕਰ ਵਿਦਿਆਰਥੀ ਨੂੰ ਰੋਜ਼ਾਨਾ ਜੀਵਨ ਦੇ ਆਧਾਰ ਤੇ ਉਦਾਹਰਣ ਦੇ ਕੇ ਸਮਝਾਇਆ ਜਾਵੇ ਤਾਂ ਉਸ ਨੂੰ ਵਿਸ਼ਾ ਵਸਤੂ ਛੇਤੀ ਅਤੇ ਸਪਸ਼ਟ ਤੌਰ ਤੇ ਸਮਝ ਆ ਸਕਦਾ ਹੈ।

- ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਵਿਸ਼ੇ ਬਾਰੇ ਪ੍ਰਤੱਖ ਵਾਤਾਵਰਣ ਪ੍ਰਦਾਨ ਕਰਨਾ ਹੈ ਜਿਸ ਵਿੱਚ ਕਿਸੇ ਵਿਸ਼ੇਸ਼ ਪ੍ਰਸੰਗ ਨੂੰ ਲੈ ਕੇ ਉਸ ਬਾਰੇ ਪੂਰੀ ਜਾਣਕਾਰੀ ਦਿੱਤੀ ਜਾ ਸਕੇ।

- ਇਹ ਵਿਦਿਆਰਥੀਆਂ ਨੂੰ ਸਿਧਾਂਤ ਤੇ ਅਧਾਰਿਤ ਵਿਆਖਿਆ ਸਮਝਣ ਅਤੇ ਵਿਚਾਰ ਕਰਨ ਦੇ ਯੋਗ ਬਣਾਉਂਦਾ ਹੈ ਅਤੇ ਉਸ ਪ੍ਰਾਪਤ ਕੀਤੇ ਗਿਆਨ ਨੂੰ ਮਲਟੀਮੀਡੀਆ ਦੀ ਸਹਾਇਤਾ ਨਾਲ ਪ੍ਰਯੋਗਿਕ ਪ੍ਰਸ਼ਨਾਂ ਨਾਲ ਜੋੜਦਾ ਹੈ।

- ਇਹ ਪਾਠ ਦੇ ਵਿਸ਼ਾ ਵਸਤੂ ਨੂੰ ਬੜੀ ਦਿਲਚਸਪ ਅਤੇ ਚਿਰ ਸਥਾਈ ਯਾਦ ਰੱਖਣਯੋਗ ਬਣਾਉਂਦਾ ਹੈ।

3. **ਵਿਸਥਾਰ**

ਜਮਾਤ ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਹਿਸਾਬ, ਸਾਇੰਸ, ਅੰਗਰੇਜੀ ਅਤੇ ਸਮਾਜਿਕ ਵਿਗਿਆਨ ਜਿਹੇ ਵਿਸ਼ਿਆਂ ਦੇ ਔਖੇ ਪਾਠਕ੍ਰਮਾਂ ਨੂੰ ਪੰਜਾਬ ਰਾਜ ਵੱਲੋਂ ਪ੍ਰਕਾਸ਼ਿਤ ਪਾਠ-ਪੁਸਤਕਾਂ ਵਿੱਚੋਂ ਲੈ ਕੇ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ।

**ਕਲਪਿਤ ਸਪੱਸ਼ਟੀਕਰਨ:**

❖ ਸਿੱਖਣ-ਸਿਖਾਉਣ ਦੀ ਕਿਰਿਆ ਵਿੱਚ ਨਵੀਨਤਾ ਲਿਆਉਣ ਲਈ ਅਤੇ ਇਸ ਨੂੰ ਵੱਧ ਤੋਂ ਵੱਧ ਸਿੱਖਿਆਰਥੀ ਕੇਂਦਰਿਤ ਬਣਾਉਣ ਲਈ, ਇਹ ਵਿਸ਼ਾ-ਵਸਤੂ ਸਾਡੇ ਦੁਆਰਾ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਨਤੀਜਾ ਹੈ।

❖ ਅਸੀ ਤਸਵੀਰਾਂ/ਐਨੀਮੇਸ਼ਨ ਦਾ ਅਵਾਜ਼ ਨਾਲ ਸੁਮੇਲ ਕੀਤਾ ਹੈ ਤਾਂ ਜੋ ਮੁਸ਼ਕਲ ਤੋਂ ਮੁਸ਼ਕਲ ਪਾਠਕ੍ਰਮ ਵਿੱਚ ਪੈਦਾ ਹੋਣ ਵਾਲੇ ਸੰਦੇਹਾਂ ਤੇ ਸਿਖਿਆਰਥੀ ਡੂੰਘਾਈ ਨਾਲ ਧਿਆਨ ਕੇਂਦ੍ਰਿਤ ਕਰ ਸਕਣ ਅਤੇ ਜਿਆਦਾ ਸਮੇਂ ਤੱਕ ਪਾਠਕ੍ਰਮ ਯਾਦ ਰੱਖ ਸਕਣ।

❖ ਤਸਵੀਰਾਂ ਜਾਂ ਐਨੀਮੇਸ਼ਨ ਵਿੱਚ ਵਰਤੇ ਜਾਣ ਵਾਲੇ ਰੰਗ, ਮੁਸ਼ਕਿਲ ਚਿੱਤਰਾਂ ਦਾ ਵਿਖਾਉਣਾ ਅਤੇ ਉਹਨਾਂ ਦੀ ਵਰਤੋਂ ਕਿਸੇ ਪਾਠਕ੍ਰਮ ਦੇ ਅਲੱਗ-ਅਲੱਗ ਹਿੱਸਿਆਂ ਅਤੇ ਕਿਰਿਆਵਾਂ ਵਿੱਚਕਾਰ ਸਬੰਧਾਂ ਨੂੰ ਸਮਝਣ ਲਈ ਠੋਸ ਅਧਾਰ ਬਣਾਉਂਦੇ ਹਨ ਅਤੇ ਇਸ ਤਰ੍ਹਾਂ ਜਟਿਲ ਕੰਮਾਂ ਨੂੰ ਸਮਝਣ ਵਿੱਚ ਸਾਡੀ ਸਹਾਇਤਾ ਕਰਦੇ ਹਨ।

❖ ਵਿਦਿਆਰਥੀ ਨੂੰ ਇਸ ਯੋਗ ਬਣਾਇਆ ਜਾਂਦਾ ਹੈ ਕਿ ਉਹ ਕਿਰਿਆਵਾਂ ਸਬੰਧੀ ਪ੍ਰਸ਼ਨਾਂ ਨੂੰ ਅਸਾਨੀ ਨਾਲ ਸਮਝ ਕੇ ਆਪਣੇ ਸ਼ੱਕ ਨੂੰ ਦੂਰ ਕਰ ਸਕਣ।

**ਖਾਸ ਗੁਣ**

❖ ਇਹ ਅਸਾਨੀ ਨਾਲ ਵਰਤਿਆ ਜਾਣ ਵਾਲਾ ਢੰਗ ਹੈ।

❖ ਵਿਸ਼ਾ-ਵਸਤੂ ਸੀ.ਡੀ. ਵਿੱਚ ਦਰਜ ਹੈ। ਪਰ ਪ੍ਰਸ਼ਾਸ਼ਨਿਕ ਸੁਵਿਧਾ ਹੋਣ ਤੇ ਵਿਸ਼ਾ ਵਸਤੂ ਨੂੰ ਇੰਨਟਰਨੈਟ ਜਾਂ ਆਨਲਾਈਨ ਪੜ੍ਹਿਆ ਜਾਂ ਵੇਖਿਆ ਜਾ ਸਕਦਾ ਹੈ।

❖ ਵਿਸ਼ਾ-ਵਸਤੂ ਮਲਟੀਮੀਡੀਆ ਤੇ ਅਧਾਰਿਤ ਸਿੱਖਣ-ਸਮੱਗਰੀ ਹੈ ਜਿਸ ਵਿੱਚ ਮੂਲ ਪਾਠ, ਚਲਦੇ ਫਿਰਦੇ ਚਿੱਤਰ, ਵੀਡਿਓ ਕਲਿੱਪ ਅਤੇ ਵੁਆਇਸ ਓਵਰ ਸ਼ਾਮਿਲ ਹਨ। ਇਹ ਸਭ ਆਪਸ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਤਾਲ ਮੇਲ ਰੱਖਦੇ ਹਨ।

- ❖ ਵਾਇਰਸ ਦੇ ਬੁਰੇ ਪ੍ਰਭਾਵ ਦਾ ਕੋਈ ਅਸਰ ਨਹੀਂ ਹੁੰਦਾ।
- ❖ ਵਿਸ਼ਾ ਵਸਤੂ ਨਾਲ ਸਬੰਧਿਤ ਪਾਠ ਸਮੱਗਰੀ ਨੂੰ ਕੰਪਿਊਟਰ ਮਾਨੀਟਰ ਅਤੇ ਵੱਡੇ ਸਕਰੀਨ ਵਾਲੇ ਟੀ.ਵੀ. ਜਾਂ ਪ੍ਰੋਜੈਕਟਰ ਤੇ ਵੱਡੀ ਸਕਰੀਨ ਤੇ ਵੀ ਸਾਫ ਵੇਖਿਆ ਜਾ ਸਕਦਾ ਹੈ।

## ਵਿਦਿਆਰਥੀਆਂ ਲਈ (For Students)

**ਭੂਮਿਕਾ:** ਪਿਆਰੇ ਵਿਦਿਆਰਥੀਓ, ਕਿਸੇ ਵਿਸ਼ੇ ਨੂੰ ਰਟ ਕੇ ਪੜ੍ਹਨ ਨਾਲੋਂ ਸਮਝ ਕੇ ਪੜ੍ਹਨਾ ਜਿਆਦਾ ਮਹੱਤਵਪੂਰਨ ਹੁੰਦਾ ਹੈ। ਜੇਕਰ ਵਿਸ਼ੇ ਵਸਤੂ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਉਸ ਬਾਰੇ ਵਧੇਰੇ ਜਾਣਕਾਰੀ ਮਿਲਦੀ ਹੈ। ਰਟ ਕੇ ਕੀਤੀ ਗਈ ਪੜ੍ਹਾਈ ਨਾਲ ਹੌਲੀ ਹੌਲੀ ਸਾਡੀ ਯਾਦ ਸ਼ਕਤੀ ਉਸ ਵਿਸ਼ਾ ਵਸਤੂ ਪ੍ਰਤੀ ਘਟਦੀ ਜਾਂਦੀ ਹੈ। ਭਾਵ ਕੁਝ ਸਮੇਂ ਬਾਅਦ ਉਹ ਰਟਿਆ ਹੋਇਆ ਸਾਡੇ ਦਿਮਾਗ ਵਿੱਚ ਨਹੀਂ ਰਹਿੰਦਾ ਪਰ ਜੇਕਰ ਸਮਝ ਕੇ ਅਤੇ ਅੱਖੀਂ ਵੇਖ ਕੇ ਪੜ੍ਹਾਈ ਕੀਤੀ ਜਾਵੇ ਤਾਂ ਉਹ ਕਦੇ ਵੀ ਨਸ਼ਟ ਨਹੀਂ ਹੁੰਦੀ ਸਗੋਂ ਸਾਡੇ ਦਿਮਾਗ ਵਿੱਚ ਤਰੋ ਤਾਜ਼ਾ ਰਹਿੰਦੀ ਹੈ ਕਿਉਂਕਿ ਇਹ ਮਨੁੱਖੀ ਦਿਮਾਗ ਵਿੱਚ ਇਕ ਪ੍ਰਤੀਬਿੰਬ ਦੇ ਰੂਪ ਵਿੱਚ ਛਪ ਜਾਂਦੀ ਹੈ।

ਇਸ ਲਈ ਅਸੀ ਜਿਸ ਸਿਖਲਾਈ ਵਿਸ਼ਾ-ਵਸਤੂ ਦਾ ਪ੍ਰਯੋਗ ਕਰਨ ਜਾ ਰਹੇ ਹਾਂ ਉਹ ਤੁਹਾਡੀ ਦਿਲਚਸਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ ਅਤੇ ਜਿਹੜੇ ਸੰਦੇਹ ਤੁਹਾਨੂੰ ਔਖੇ ਲਗਦੇ ਹਨ ਉਹਨਾਂ ਨੂੰ ਢੁੱਕਵੇ ਢੰਗ ਨਾਲ ਸਪਸ਼ਟ ਕੀਤਾ ਗਿਆ ਹੈ।

ਸਾਡੇ ਦੁਆਰਾ ਤਿਆਰ ਕੀਤਾ ਵਿਸ਼ਾ ਵਸਤੂ ਨੂੰ ਪੜ੍ਹਨਾ ਤੁਹਾਡੀ ਚੰਗੀ ਸੋਚ ਅਤੇ ਸਮਝ ਵੱਲ ਵੱਧੀਆ ਕਦਮ ਹੈ। ਇਸ ਵਿਸ਼ਾ ਵਸਤੂ ਨੂੰ ਕਦੇ ਵੀ ਅਤੇ ਕਿਸੇ ਵੀ ਸਮੇਂ ਸੁਤੰਤਰਤਾ ਪੂਰਵਕ ਪੜ੍ਹਿਆ ਜਾ ਸਕਦਾ ਹੈ। ਅਧਿਆਪਕਾਂ ਵੱਲੋਂ ਇਸਦਾ ਕੀਤਾ ਗਿਆ ਉਚਿਤ ਉਪਯੋਗ ਉਤਸ਼ਾਹ ਭਰਪੂਰ ਅਤੇ ਲਾਭਕਾਰੀ ਹੈ। ਇਸਦੇ ਨਾਲ ਵਿਦਿਆਰਥੀ ਆਪਣੇ ਅੰਦਰ ਕੰਪਿਊਟਰ ਸਬੰਧੀ ਰੁਚੀ ਅਤੇ ਕਾਰਜ ਕੁਸ਼ਲਤਾ ਵਧਾ ਸਕਦਾ ਹੈ।

## ਅਧਿਆਪਕਾਂ ਲਈ (For Teachers)

"ਅਧਿਆਪਕ ਉਸ ਜਲਦੀ ਹੋਈ ਮੋਮਬੱਤੀ ਦੀ ਤਰ੍ਹਾਂ ਹੁੰਦਾ ਹੈ ਜੋ ਖੁਦ ਜਲ ਕੇ ਦੂਜਿਆਂ ਨੂੰ ਰੋਸ਼ਨੀ ਦਿੰਦਾ ਹੈ।"

ਇਕ ਅਧਿਆਪਕ ਦੀ ਥਾਂ ਕੋਈ ਨਹੀਂ ਲੈ ਸਕਦਾ। ਉਹ ਇਕ ਵਧੀਆ ਮਾਰਗ ਦਰਸ਼ਕ ਹੁੰਦਾ ਹੈ। ਅਧਿਆਪਕ ਸਿੱਖਣ-ਸਿਖਾਉਣ ਦੀ ਕ੍ਰਿਆ ਨੂੰ ਢੁਕਵਾਂ ਬਣਾਉਣ ਦੀ ਵਰਤੋਂ ਕਲਾਸ ਰੂਮ ਵਿੱਚ ਕਰਕੇ ਵਾਤਾਵਰਣ ਨੂੰ ਸੰਜੀਦਗੀ ਭਰਿਆ ਬਣਾ ਦਿੰਦਾ ਹੈ ਤਾਂ ਜੋ ਵਿਦਿਆਰਥੀ ਦੇ ਗਿਆਨ ਅਤੇ ਨਿਪੁੰਨਤਾ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਵਾਧਾ ਹੋ ਸਕੇ। ਇਸ ਲਈ ਅਧਿਆਪਕ ਕੋਲ ਉਹ ਸਾਰੀ ਜ਼ਰੂਰੀ ਸਮੱਗਰੀ ਹੋਣੀ ਚਾਹੀਦੀ ਹੈ, ਜੋ ਸਾਰਥਕ ਅਤੇ ਪ੍ਰਭਾਵਸ਼ਾਲੀ ਅਧਿਐਨ ਲਈ ਜਰੂਰੀ ਹੈ।


ਪੜ੍ਹਾਉਣਾ ਇਕ ਕਲਾ ਹੈ, ਇਸ ਕਲਾ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਅਧਿਆਪਕ ਦਾ ਗਿਆਨ ਉਸਦੇ ਸਰੀਰਕ ਹਾਵ-ਭਾਵ ਅਤੇ ਤਕਨੀਕ ਸਾਂਝੇ ਤੌਰ ਤੇ ਵਰਤੇ ਜਾਣੇ ਜਰੂਰੀ ਹਨ ਤਾਂ ਹੀ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਬਾਰੇ ਗਿਆਨ ਦੇ ਸਕਦੇ ਹਨ ਅਤੇ ਉਹਨਾਂ ਦੇ ਪਾਠਕ੍ਰਮ ਸਬੰਧੀ ਭੁਲੇਖਿਆਂ ਨੂੰ ਦੂਰ ਕਰ ਸਕਦੇ ਹਨ। ਅਧਿਆਪਕ ਦੁਆਰਾ ਇਸ ਵਿਸ਼ਾ ਵਸਤੂ ਦੇ ਸਫਲ ਉਪਯੋਗ ਕਰਨ ਅਤੇ ਕਾਰਗਰ ਬਣਾਉਣ ਲਈ ਇੱਥੇ ਕੁਝ ਸੁਝਾਓ ਦੇਣੇ ਜ਼ਰੂਰੀ ਹੋਣਗੇ।

# Disk ਕਿਵੇਂ ਚਲਾਈਏ


**ਪੰਜਾਬ ਐਜੂਸੈਟ ਸੁਸਾਇਟੀ, ਪੰਜਾਬ ਰਾਜ ਅਧੀਨ ਅਧਿਐਨ ਵਿਸ਼ੇ ਵਸਤੂ ਦੀ ਵਰਤੋਂ ਐਕਸਟਰਨਲ ਹਾਰਡ ਡਿਸਕ (External Hard Disk) ਰਾਹੀਂ ਕਿਵੇਂ ਕੀਤੀ ਜਾਣੀ ਹੈ, ਆਓ ਇਸ ਬਾਰੇ ਵਿਸਤਾਰ ਨਾਲ ਜਾਣੀਏ।**

**ਕਿਸ ਪ੍ਰਕਾਰ ਐਕਸਟਰਨਲ ਹਾਰਡ ਡਿਸਕ (External Hard Disk) ਤੋਂ ਕੰਪਿਊਟਰ ਹਾਰਡ ਡ੍ਰਾਈਵ (Computer Hard drive) ਵਿੱਚ ਫ਼ਾਈਲਾਂ ਨੂੰ ਕਾਪੀ ਕੀਤਾ ਜਾ ਸਕਦਾ ਹੈ:**


ਡੈਸਕਟੌਪ ਤੇ **'ਮਾਈ ਕੰਪਿਊਟਰ'** (**My Computer**) ਆਇਕਨ ਤੇ ਕਲਿੱਕ ਕਰੋ।




‘ਰਿਮੂਵਏਬਲ ਸਟੋਰੇਜ਼ ਡਰਾਈਵ’ (**Removable Storage Drive**) ਆਇਕਨ ਨੂੰ ਚੁਣੋ।




- ਮਾਊਸ ਨਾਲ ਰਾਈਟ ਕਲਿੱਕ ਕਰੋ ਅਤੇ **'ਓਪਨ'**(**open**) ਵਿਕਲਪ ਨੂੰ ਚੁਣੋ।




- **'ਕੈਲ-ਪੀਈਐਸ-ਕੰਟੈਂਟ' (CAL-PES-CONTENT)** ਫੋਲਡਰ ਚੁਣੋ ਅਤੇ ਮਾਊਸ ਨਾਲ ਰਾਈਟ ਕਲਿੱਕ ਕਰਕੇ **'ਕਾਪੀ' (Copy)** ਵਿਕਲਪ ਨੂੰ ਚੁਣੋ।




- **‘ਮਾਈ ਕੰਪਿਊਟਰ’ (My Computer**’) ਵਿੱਚ ਜਾਓ ਅਤੇ ਉਚਿਤ **ਹਾਰਡ ਡਿਸਕ ਡਰਾਈਵ** (**hard disk drive**) ਚੁਣੋ ਅਤੇ ਮਾਊਸ ਨਾਲ ਰਾਈਟ ਕਲਿੱਕ ਕਰਕੇ **‘ਓਪਨ’ (Open)** ਵਿਕਲਪ ਨੂੰ ਚੁਣੋ।



- ਮਾਊਸ ਦੀ ਸਹਾਇਤਾ ਨਾਲ ਰਾਈਟ ਕਲਿੱਕ ਕਰੋ ਅਤੇ **'ਪੇਸਟ' (Paste)** ਵਿਕਲਪ ਨੂੰ ਚੁਣੋ।




- ਹੁਣ ਫੋਲਡਰ **‘ਕੈਲ-ਪੀਈਐਸ-ਕੰਟੈਂਟ’ (CAL-PES-CONTENT)** ਤੁਹਾਡੇ ਕੰਪਿਊਟਰ ਵਿੱਚ ਕਾਪੀ ਹੋ ਜਾਏਗਾ।




**ਮਡਿਊਲ ਨੂੰ ਕਿਵੇਂ ਚਲਾਇਆ ਜਾਵੇ:**
**ਮਡਿਊਲ ਨੂੰ ਚਲਾਉਣ ਲਈ ਹੇਠ ਲਿਖੇ ਚਰਣਾਂ (Steps) ਦੀ ਪਾਲਣਾ ਕਰੋ।**


- **'ਮਾਈ ਕੰਪਿਊਟਰ' (My Computer)** ਵਿੱਚ ਜਾਓ।




- ਹਾਰਡ ਡਿਸਕ ਡਰਾਈਵ ਚੁਣੋ ਅਤੇ ਮਾਊਸ ਨਾਲ ਰਾਈਟ ਕਲਿੱਕ ਕਰਕੇ **'ਓਪਨ'** (**open**) ਵਿਕਲਪ ਨੂੰ ਚੁਣੋ।



- ਤੁਹਾਨੂੰ **'ਕੈਲ-ਪੀਈਐਸ-ਕੰਟੈਂਟ'** (**CAL-PES-CONTENT**) ਫੋਲਡਰ ਮਿਲੇਗਾ ਅਤੇ ਮਾਊਸ ਨਾਲ ਰਾਈਟ ਕਲਿੱਕ ਕਰਕੇ **'ਓਪਨ' (open)** ਵਿਕਲਪ ਨੂੰ ਚੁਣੋ।




- ਤੁਹਾਨੂੰ **'ਸਟਾਰਟ ਐਚ.ਟੀ.ਐਮ.ਐਲ.'** **(Start.html)** ਆਇਕਨ ਮਿਲੇਗਾ ਅਤੇ ਮਾਊਸ ਨਾਲ ਰਾਈਟ ਕਲਿੱਕ ਕਰਕੇ **'ਓਪਨ'** (**open**) ਵਿਕਲਪ ਨੂੰ ਚੁਣੋ।




- ਤੁਸੀਂ ਵੇਖ ਸਕਦੇ ਹੋ **"ਪੰਜਾਬ ਐਜੂਸੈਟ ਸੁਸਾਇਟੀ – CAL"** (Punjab Edusat Society – CAL) **ਦਾ 'ਹੋਮ ਪੰਨਾ'**

- ਤੁਹਾਨੂੰ ਇਥੇ ਤਿੰਨ **ਜਮਾਤਾਂ** ਪ੍ਰਾਪਤ ਹੋਣਗੀਆਂ **(ਜਮਾਤ 6, ਜਮਾਤ 7 ਅਤੇ ਜਮਾਤ 8)**





- ਹੁਣ ਉਚਿਤ ਜਮਾਤ ਤੇ ਕਲਿੱਕ ਕਰੋ।

- ਉਦਾਹਰਣ ਲਈ:- ਜੇਕਰ ਤੁਸੀਂ ਜਮਾਤ 6 ਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ **ਚਾਰ ਵਿਸ਼ੇ** ਪ੍ਰਾਪਤ ਹੋਣਗੇ:- ਅੰਗ੍ਰੇਜ਼ੀ, ਗਣਿਤ, ਵਿਗਿਆਨ ਅਤੇ ਸਮਾਜਿਕ ਵਿਗਿਆਨ





- ਹੁਣ ਤੁਸੀਂ **ਉਚਿਤ ਵਿਸ਼ੇ** ਤੇ ਕਲਿੱਕ ਕਰ ਸਕਦੇ ਹੋ।


ਜਦੋਂ ਤੁਸੀਂ ਇੱਕ ਵਾਰ **ਸਬੰਧੀ ਵਿਸ਼ੇ** ਤੇ ਕਲਿੱਕ ਕਰੋਗੇ ਤਾਂ ਤੁਹਾਨੂੰ **ਮਡਿਊਲਾਂ ਦੀ ਸੂਚੀ** ਪ੍ਰਾਪਤ ਹੋਵੇਗੀ।



- ਹੋਮ ਪੰਨੇ ਤੇ ਵਾਪਸ ਜਾਣ ਲਈ, ਟਾਈਟਲ ਬਾਰ ਤੇ ਦਿਖਾਏ ਗਏ **ਕਲਾਸ ਲਿੰਕ** (**class link**) ਤੇ ਕਲਿੱਕ ਕਰੋ।




* ਜਿਸ ਮਡਿਊਲ ਨੂੰ ਵੇਖਣਾ ਚਾਹੁੰਦੇ ਹੋ ਉਸ ਤੇ ਕਲਿੱਕ ਕਰੋ।




ਮਡਿਊਲ ਤੇ ਕਲਿੱਕ ਤੋਂ ਬਾਅਦ ਮੁੱਖ ਪੰਨਾ ਖੁੱਲਣ ਦੀ ਉਡੀਕ ਕਰੋ ਅਤੇ ਕਰਸਰ (Cursor) ਨੂੰ ਸਕਿੱਪ (Skip) ਤੇ ਲਿਜਾ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਦਾ ਹੈ ਜਾਂ ਕੁਝ ਸਮਾਂ ਉਡੀਕ ਕਰਨ ਤੋਂ ਬਾਅਦ ਆਪਣੇ ਆਪ **ਹੋਮ ਪੇਜ਼** ਖੁੱਲਦਾ ਹੈ।

## ਮੁੱਖ ਪੰਨਾ (MAIN PAGE)



# ਹੋਮ ਪੇਜ਼ (HOME PAGE)




# ਕਾਰਜਸ਼ੀਲ ਬਟਨ (Functional Buttons)

Header




Footer




ਕਾਰਜਸ਼ੀਲ ਬਟਨ

| | |
|---|---|
| • ਹੋਮ (Home)<br>• ਅਵਾਜ਼ ਬੰਦ / ਚਲਾਓ ;Mute/Sound On<br>• ਦੁਬਾਰਾ ਚਲਾਓ (Replay)<br>• ਮੁੜ ਚਲਾਓ / ਵਿਸ਼ਰਾਮ (Play/Pause)<br>• ਪਿਛਲਾ (ਸਕ੍ਰੀਨ ਮਾਰਗਦਰਸ਼ਕ) Back (Screen Navigator)<br>• ਅਗਲਾ (ਸਕ੍ਰੀਨ ਮਾਰਗਦਰਸ਼ਕ) Next (Screen Navigator) | • ਸੂਚੀ ਸੂਚੀ (List)<br>• ਬੰਦ (Close) |

## ਹੋਮ (Home)

ਕਿਸੇ ਵੀ ਖੰਡ/ਘਟਕ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਤੇ ਜਾਣ ਲਈ ਕਰਸਰ ਨੂੰ ਹੋਮ ਬਟਨ ਤੇ ਕਲਿੱਕ ਕਰੋ।

## ਅਵਾਜ਼ ਬੰਦ / ਚਲਾਓ ;Mute/Sound on

ਅਵਾਜ਼ ਨੂੰ ਰੋਕਣ ਲਈ ਹੇਠਾਂ ਖੱਬੇ ਪਾਸੇ ਅਵਾਜ਼ ਆਈਕਾਨ ਬਟਨ **ਅਵਾਜ਼ ਬੰਦ / ਚਲਾਓ ;Mute/Play** ਉਪਰ ਕਲਿੱਕ ਕਰੋ ਅਤੇ ਅਵਾਜ਼ ਨੂੰ ਦੁਆਰਾ ਚਲਾਉਣ ਲਈ ਇਸ ਉਪਰ ਦੁਬਾਰਾ ਕਲਿੱਕ ਕਰੋ।

## ਮੁੜ ਚਲਾਓ (Replay)

ਜੇਕਰ ਕਿਸੇ ਸਕਰੀਨ ਦੀ ਐਨੀਮੇਸ਼ਨ ਵਿੱਚ ਤੁਹਾਨੂੰ ਸਮਝ ਨਹੀਂ ਆਈ ਅਤੇ ਦੁਬਾਰਾ ਦੇਖਣਾ ਚਾਹੁੰਦੇ ਹੋ ਤਾਂ ਮੁੜ ਚਲਾਓ ਵਾਲੇ ਆਈਕਨ ਬਟਨ ਉੱਪਰ ਕਲਿੱਕ ਕਰੋ।

## ਚਲਾਓ / ਵਿਸ਼ਰਾਮ (Play/Pause)

ਜੇਕਰ ਕਿਸੇ ਸਕਰੀਨ ਦੀ ਐਨੀਮੇਸ਼ਨ ਨੂੰ ਤੁਸੀਂ ਰੋਕਣਾ ਚਾਹੁੰਦੇ ਹੋ ਜਾਂ ਉਸ ਬਾਰੇ ਵਿਦਿਆਰਥੀਆਂ ਨੂੰ ਸਮਝਾਉਣਾ ਚਾਹੁੰਦੇ ਹੋ ਤਾਂ ਆਈਕਨ ਬਟਨ ਚਲਾਓ / ਵਿਸ਼ਰਾਮ (Play/Pause)
ਉਪਰ ਕਲਿੱਕ ਕਰੋ।ਮੁੜ ਚਲਾਉਣ ਲਈ ਫਿਰ ਇਸ ਬਟਨ ਤੇ ਕਲਿੱਕ ਕਰੋ।

## ਪਿਛਲਾ ਸਕ੍ਰੀਨ ਮਾਰਗਦਰਸ਼ਕ( Back Screen Navigator)

ਹੇਠਾਂ ਸਕ੍ਰੀਨ ਦੇ ਸੱਜੇ ਪਾਸੇ ਪਿਛਲਾ ਸਕ੍ਰੀਨ ਮਾਰਗਦਰਸ਼ਕ ਬਟਨ ਹੈ ਜਿਸ ਰਾਹੀਂ ਅਧਿਐਨ ਖੰਡ ਜਾਂ ਘਟਕ ਦੀਆਂ ਕਈ ਸਕ੍ਰੀਨਾਂ ਨੂੰ ਪਿੱਛੇ ਵੱਲ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ। ਇਸ ਲਈ ਆਈਕਾਨ ਬਟਨ ਪਿਛਲਾ ਸਕ੍ਰੀਨ ਮਾਰਗਦਰਸ਼ਕ( Back Screen Navigator) ਤੇ ਕਲਿੱਕ ਕਰੋ।

## ਅਗਲਾ ਸਕ੍ਰੀਨ ਮਾਰਗਦਰਸ਼ਕ (Next Screen Navigator)

ਹੇਠਾਂ ਸਕ੍ਰੀਨ ਦੇ ਸੱਜੇ ਪਾਸੇ ਅਗਲਾ ਸਕ੍ਰੀਨ ਮਾਰਗਦਰਸ਼ਕ ਬਟਨ ਹੈ ਜਿਸ ਰਾਹੀਂ ਅਧਿਐਨ ਖੰਡ ਜਾਂ ਘਟਕ ਦੀਆਂ ਕਈ ਸਕ੍ਰੀਨਾਂ ਨੂੰ ਅੱਗੇ ਵੱਲ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ। ਇਸ ਲਈ ਆਈਕਾਨ ਬਟਨ ਅਗਲਾ ਸਕ੍ਰੀਨ ਮਾਰਗਦਰਸ਼ਕ (Next Screen Navigator) ਤੇ ਕਲਿੱਕ ਕਰੋ।

## ਸੂਚੀ ਸੂਚੀ (List)

ਜੇ ਤੁਸੀ ਕਿਸੇ ਅਧਿਐਨ ਖੰਡ ਦੇ ਕਿਸੇ ਵਿਸ਼ੇਸ਼ ਉਪ-ਪ੍ਰਸੰਗ ਨਾਲ ਸੰਬੰਧਿਤ ਕਿਸੇ ਵਿਸ਼ੇਸ਼ ਸਕ੍ਰੀਨ ਤੇ ਪਹੁੰਚਣਾ ਚਾਹੁੰਦੇ ਹੋ ਤਾਂ **ਸੂਚੀ (List)** ਬਟਨ ਉਪਰ ਕਲਿੱਕ ਕਰੋ ਅਤੇ ਹੇਠਾਂ ਵੱਲ ਖੁੱਲ੍ਹਦੀ

ਹੋਈ ਸੂਚੀ ਦੇਖ ਕੇ ਲੋੜੀਂਦੇ ਪੰਨੇ ਦਾ ਸਿਰਲੇਖ ਚੁਣੋ ਅਤੇ ਖੋਲਣ ਲਈ ਉਸ ਉੱਪਰ ਕਲਿੱਕ ਕਰੋ। ਲੋੜੀਂਦੇ ਪੰਨੇ / ਸਕ੍ਰੀਨ ਨੂੰ ਪੂਰਾ ਦੇਖਣ ਲਈ ਵਿਸ਼ੇ ਸੂਚੀ ਨੂੰ ਬੰਦ ਕਰੋ।

 **ਬੰਦ (Close)**

ਹਰ ਸਕ੍ਰੀਨ ਤੇ ਉਪਰ ਸੱਜੇ ਪਾਸੇ **ਬੰਦ (Close)** ਕਰੋ ਬਟਨ ਹੁੰਦਾ ਹੈ। ਇਸ ਨੂੰ ਕਲਿੱਕ ਕਰਨ ਤੇ ਪ੍ਰੋਗ੍ਰਾਮ ਬੰਦ ਹੋ ਜਾਂਦਾ ਹੈ।


## ਹੋਮ ਪੇਜ਼ (HOME PAGE)



# ਮੁੱਖ ਪੰਨਾ (Welcome Page / Main Page) ਵਿਚ ਪ੍ਰਵੇਸ਼ ਕਰੋ।

ਹੋਮ ਪੇਜ਼ → ਮੁੱਖ ਪੰਨਾ

- ਮੁੱਖ ਪੰਨਾ ਦੇਖਣ ਲਈ ਕਰਸਰ (Cursor) ਨੂੰ ਹੋਮ ਪੇਜ਼ ਤੇ ਲਿਆ ਕੇ ਮੁੱਖ ਪੰਨਾ ਤੇ ਕਲਿੱਕ ਕਰੋ। ਮੁੱਖ ਪੰਨਾ, ਅਧਿਆਇ ਦੀ ਭੂਮਿਕਾ ਪੇਸ਼ ਕਰਦਾ ਹੈ ਜਿਸ ਰਾਹੀਂ ਵਿਦਿਆਰਥੀਆਂ ਨੂੰ ਉਸ ਅਧਿਆਇ ਦੀ ਸ਼ੁਰੂਆਤੀ ਜਾਣਕਾਰੀ ਮਿਲਦੀ ਹੈ।





- ਮੁੱਖ ਪੰਨੇ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਬਟਨ ਤੇ ਕਲਿੱਕ ਕਰੋ।ਹੋਮ ਪੇਜ਼ ਖੁੱਲ ਜਾਂਦਾ ਹੈ ਜਿਸ ਤੋਂ ਅਗਲੇ ਘਟਕ ਜਾਂ ਖੰਡ ਵਿੱਚ ਜਾਇਆ ਜਾ ਸਕਦਾ ਹੈ।

## ਮੁੱਢਲੀਆਂ ਸ਼ਰਤਾਂ (Prerequisites) ਵਿਚ ਪ੍ਰਵੇਸ਼ ਕਰੋ।

ਹੋਮ → ਹੋਮ ਪੇਜ਼ → ਮੁੱਢਲੀਆਂ ਸ਼ਰਤਾਂ

- ਮੁੱਢਲੀਆਂ ਸ਼ਰਤਾਂ ਦੇਖਣ ਲਈ ਕਰਸਰ (Cursor) ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਣ ਤੇ ਮੁੱਢਲੀਆਂ ਸ਼ਰਤਾਂ ਤੇ ਕਲਿਕ ਕਰੋ। ਕਈ ਪਰਿਭਾਸ਼ਿਤ ਸ਼ਬਦਾਂ (Terms) ਨੂੰ ਸਕ੍ਰੀਨ ਤੇ ਦੇਖੋ।




ਮੁੱਢਲੀਆਂ ਸ਼ਰਤਾਂ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉਪਰ ਕਲਿੱਕ ਕਰੋ। ਜਿਵੇਂ ਤੁਸੀਂ ਪਹਿਲਾਂ ਮੁੱਢਲੀਆਂ ਸ਼ਰਤਾਂ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

# ਅਧਿਐਨ ਉਦੇਸ਼ (Learning Objective) ਵਿਚ ਪ੍ਰਵੇਸ਼ ਕਰੋ।

ਹੋਮ → ਹੋਮ ਪੇਜ਼ → ਅਧਿਐਨ ਉਦੇਸ

ਅਧਿਐਨ ਉਦੇਸ ਦੇਖਣ ਲਈ ਕਰਸਰ (Cursor) ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲ੍ਹਣ ਤੇ ਅਧਿਐਨ ਉਦੇਸ਼ ਤੇ ਕਲਿੱਕ ਕਰੋ। ਅਧਿਐਨ ਉਦੇਸ ਨੂੰ ਸਕ੍ਰੀਨ ਤੇ ਦੇਖੋ।





ਅਧਿਐਨ ਉਦੇਸ਼ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉੱਪਰ ਕਲਿੱਕ ਕਰੋ। ਜਿਵੇਂ ਤੁਸੀਂ ਪਹਿਲਾਂ ਅਧਿਐਨ ਉਦੇਸ਼ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

## ਅਧਿਐਨ ਖੰਡ (Learning Section) ਵਿਚ ਪ੍ਰਵੇਸ਼ ਕਰੋ।

ਹੋਮ → ਹੋਮ ਪੇਜ਼ → ਅਧਿਐਨ ਖੰਡ

ਅਧਿਐਨ ਖੰਡ ਦੇਖਣ ਲਈ ਕਰਸਰ (Cursor) ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲ੍ਹਣ ਤੇ ਅਧਿਐਨ ਖੰਡ ਤੇ ਕਲਿੱਕ ਕਰੋ।





- ਹੇਠਾਂ ਸਕ੍ਰੀਨ ਦੇ ਸੱਜੇ ਪਾਸੇ ਸਕ੍ਰੀਨ ਮਾਰਗਦਰਸ਼ਕ ਬਟਨ ਹਨ ਜਿਨ੍ਹਾਂ ਰਾਹੀਂ ਅਧਿਐਨ ਖੰਡ ਦੇ ਕਈ ਸਕ੍ਰੀਨਾਂ ਨੂੰ ਅੱਗੇ ਅਤੇ ਪਿੱਛੇ ਦੀ ਤਰਫ਼ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ।
- ਅਧਿਐਨ ਖੰਡ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉੱਪਰ ਕਲਿੱਕ ਕਰੋ। ਜਿਵੇਂ ਤੁਸੀ ਪਹਿਲਾਂ ਅਧਿਐਨ ਖੰਡ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

## ਮੁਲਾਂਕਣ (Self –Assessment) ਵਿਚ ਪ੍ਰਵੇਸ਼ ਕਰਨ ਲਈ

ਹੋਮ → ਹੋਮ ਪੇਜ਼ → **ਮੁਲਾਂਕਣ**

**ਮੁਲਾਂਕਣ** ਦੇਖਣ ਲਈ ਕਰਸਰ (Cursor) ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਣ ਤੇ **ਮੁਲਾਂਕਣ** ਤੇ ਕਲਿਕ ਕਰੋ। ਪ੍ਰਸ਼ਨ ਨੂੰ ਪੜ੍ਹ ਕੇ ਸਹੀ ਵਿਕਲਪ ਤੇ ਕਲਿੱਕ ਕਰੋ। ਜੇਕਰ ਉੱਤਰ ਗਲਤ ਹੋਵੇਗਾ ਤਾਂ ਸਹੀ ਜਵਾਬ ਦੇਣ ਲਈ **ਮੁੜ ਕੋਸ਼ਿਸ਼** ਲਈ ਕਿਹਾ ਜਾਵੇਗਾ। ਉਤੱਰ ਗਲਤ ਹੋਣ ਤੇ ਗਲਤ ਦਾ ਨਿਸ਼ਾਨ (×) ਦਿਖਾਈ ਦੇਵੇਗਾ।

ਜੇ ਉੱਤਰ ਸਹੀ ਹੈ ਤਾਂ **'ਸ਼ਾਬਾਸ਼'** ਦੇ ਰੂਪ ਵਿੱਚ ਉੱਤਰ ਮਿਲੇਗਾ। ਸਹੀ ਉੱਤਰ ਦਾ ਨਿਸ਼ਾਨ (√) ਦਿਖਾਈ ਦੇਵੇਗਾ।

**ਮੁਲਾਂਕਣ** ਦੇ ਅਗਲੇ ਸਕ੍ਰੀਨ ਤੇ ਜਾਣ ਲਈ ਸੱਜੇ ਪਾਸੇ ਇਸ਼ਾਰਾ ਕਰ ਰਹੇ ਸਕ੍ਰੀਨ ਤੇ ਹੇਠਾਂ ਸੱਜੇ ਪਾਸੇ ਦੇਖੋ 'ਅਗਲਾ' ਦੇ ਚਿੰਨ੍ਹ ਵਾਲੇ ਮਾਰਗਦਰਸ਼ਕ ਬਟਨ ਤੇ ਕਲਿੱਕ ਕਰੋ ਜਦਕਿ ਪਿਛਲੀ ਸਕ੍ਰੀਨ ਤੇ ਜਾਣ ਲਈ ਖੱਬੇ ਪਾਸੇ ਇਸ਼ਾਰਾ ਕਰ ਰਹੇ 'ਪਿਛਲਾ' ਦੇ ਚਿੰਨ੍ਹ ਵਾਲੇ ਮਾਰਗਦਰਸ਼ਕ ਬਟਨ 

ਤੇ ਕਲਿੱਕ ਕਰੋ।





**ਮੁਲਾਂਕਣ** ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉੱਪਰ ਕਲਿੱਕ ਕਰੋ। ਜਿਵੇਂ ਤੁਸੀ ਪਹਿਲਾਂ ਸਾਰ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

## ਬੁਝਾਰਤ (Riddle) ਵਿਚ ਪ੍ਰਵੇਸ਼ ਕਰਨ ਲਈ

ਹੋਮ → ਹੋਮ ਪੇਜ਼ → **ਬੁਝਾਰਤ**

**ਬੁਝਾਰਤ** ਦੇਖਣ ਲਈ ਕਰਸਰ (Cursor) ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਣ ਤੇ **ਬੁਝਾਰਤ** ਤੇ ਕਲਿਕ ਕਰੋ। ਪ੍ਰਸ਼ਨ ਨੂੰ ਪੜ੍ਹ ਕੇ ਸਮਾਂ ਬੰਧ 15 ਸੈਕਿੰਡ ਵਿੱਚ ਉੱਤਰ ਦੇਵੋ।





**ਬੁਝਾਰਤ** ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉਪਰ ਕਲਿੱਕ ਕਰੋ। ਜਿਵੇਂ ਤੁਸੀ ਪਹਿਲਾਂ ਸਾਰ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

## ਸਾਰ (Summary) ਵਿਚ ਪ੍ਰਵੇਸ਼ ਕਰੋ।

ਹੋਮ→ ਹੋਮ ਪੇਜ਼ → ਸਾਰ

- ਸਾਰ ਵਿਚ ਪ੍ਰਵੇਸ਼ ਕਰਨ ਲਈ, ਕਰਸਰ **(cursor)** ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਣ ਤੇ ਸਾਰ ਉੱਪਰ ਕਲਿੱਕ ਕਰੋ।
- ਸਾਰ ਦੇ ਅਗਲੇ ਸਕ੍ਰੀਨ ਤੇ ਜਾਣ ਲਈ ਸੱਜੇ ਪਾਸੇ ਇਸ਼ਾਰਾ ਕਰ ਰਹੇ ਸਕ੍ਰੀਨ ਤੇ ਹੇਠਾਂ ਸੱਜੇ ਪਾਸੇ ਦੇਖੋ 'ਅਗਲਾ' ਦੇ ਚਿੰਨ੍ਹ ਵਾਲੇ ਮਾਰਗਦਰਸ਼ਕ ਬਟਨ ਤੇ ਕਲਿੱਕ ਕਰੋ ਪਿਛਲੀ ਸਕ੍ਰੀਨ ਤੇ ਜਾਣ ਲਈ ਖੱਬੇ ਪਾਸੇ ਇਸ਼ਾਰਾ ਕਰ ਰਹੇ 'ਪਿਛਲਾ' ਦੇ ਚਿੰਨ੍ਹ ਵਾਲੇ ਮਾਰਗਦਰਸ਼ਕ ਬਟਨ 

ਤੇ ਕਲਿੱਕ ਕਰੋ।




- ਸਾਰ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉਪਰ ਕਲਿੱਕ ਕਰੋ। ਜਿਵੇਂ ਤੁਸੀ ਪਹਿਲਾਂ ਸਾਰ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

## ਵਧੇਰੇ ਜਾਣਕਾਰੀ (Know More) ਖੰਡ ਵਿਚ ਪ੍ਰਵੇਸ਼ ਕਰੋ।

ਹੋਮ → ਹੋਮ ਪੇਜ਼ → ਵਧੇਰੇ ਜਾਣਕਾਰੀ




- ਵਧੇਰੇ ਜਾਣਕਾਰੀ ਵਿਚ ਪ੍ਰਵੇਸ਼ ਕਰਨ ਲਈ, ਕਰਸਰ **(cursor)** ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਣ ਤੇ ਵਧੇਰੇ ਜਾਣਕਾਰੀ ਉਪਰ ਕਲਿੱਕ ਕਰੋ।
- Assignment (ਅਭਿਆਸ) ਪੋਪ-ਅਪ ਖੋਲ੍ਹਣ ਲਈ, Assignment ਉਪਰ ਕਲਿੱਕ ਕਰੋ।
- ਪੁਸਤਕ ਸੰਦਰਭ ਲਈ ਪੁਸਤਕਾਂ ਉਪਰ ਕਲਿੱਕ ਕਰੋ।
- ਸੰਦਰਭ ਵਿਚ ਸੰਬੰਧਿਤ ਵੈਬਸਾਈਟ ਵੇਖਣ ਲਈ, **ਵੈਬਲਿੰਕਸ** ਵਿਚ ਸੰਬੰਧਿਤ ਵੈਬਸਾਈਟ ਦੇ Address ਨੂੰ ਕਲਿੱਕ ਕਰੋ। ਜੇ ਤੁਹਾਡਾ ਕੰਪਿਊਟਰ ਇੰਟਰਨੇਟ ਨਾਲ ਜੁੜਿਆ ਹੋਇਆ ਹੈ ਤਾਂ ਦਿੱਤੇ ਗਏ ਲਿੰਕ ਤੇ ਕਲਿੱਕ ਕਰ ਕੇ ਤੁਸੀ ਇਹਨਾ ਵੈਬਸਾਈਟਸ ਤਕ ਪਹੁੰਚ ਸਕਦੇ ਹੋ।

ਇਹ: ਕੁਝ ਸਥਿਤੀਆਂ ਵਿਚ ਪੌਪ ਅਪ ਵਿਚ ਇੱਕ ਤੋਂ ਵੱਧ ਵਿੰਡੋ ਹੋ ਸਕਦੀਆਂ ਹਨ। ਅਜਿਹੀ ਸਥਿਤੀ ਵਿਚ ਪੋਪ ਅਪ ਸਕ੍ਰੀਨ ਤੇ ਸੱਜੇ ਪਾਸੇ ਸਥਿਤ 'ਅਗਲਾ' ਬਟਨ ਉਪਰ ਕਲਿੱਕ ਕਰੋ।ਇਹ ਕਿਸੇ ਪ੍ਰਸੰਗ ਦੀ ਵਿਚਾਰ - ਵਿਕਾਸ ਪ੍ਰਕਿਰਿਆ ਵਿਚ ਆਸਾਨੀ ਅਤੇ ਪ੍ਰਵਾਹ ਬਣਾਏ ਰੱਖਦੀ ਹੈ। ਇਸ ਤਰ੍ਹਾਂ ਇਹ ਪੜ੍ਹਾਈ ਨੂੰ ਵਧੇਰੇ ਰੋਚਕ ਅਤੇ ਆਸਾਨ ਬਣਾ ਦਿੰਦੀ ਹੈ। ਇਹ ਵਿਸ਼ੇ ਵਸਤੂ ਜਮਾਤ ਦੇ ਅੰਦਰ ਅਤੇ ਬਾਹਰ ਮਨੋਰੰਜਨ ਸਹਿਤ ਅਧਿਐਨ ਦੇ ਮਾਹੌਲ ਨੂੰ ਉਤਸ਼ਾਹਿਤ ਕਰਦੀ ਹੈ। ਇਸ ਵਿਚ ਕਈ ਕੰਮ ਸ਼ਾਮਿਲ ਹਨ ਜਿਸ ਨਾਲ ਵਿਦਿਆਰਥੀ ਸਿਧਾਂਤ ਅਤੇ ਸੰਕਲਪ ਦੋਨਾਂ ਦਾ ਹੀ ਸਹਿਜਤਾ ਨਾਲ ਸਮਝ ਸਕਦੇ ਹਨ। ਵਧੇਰੇ ਜਾਣਕਾਰੀ ਤੋਂ ਬਾਹਰ ਆਉਣ ਲਈ ਜਾਂ

ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉਪਰ ਕਲਿੱਕ ਕਰੋ। ਜਿਵੇਂ ਤੁਸੀ ਪਹਿਲਾਂ ਵਧੇਰੇ ਜਾਣਕਾਰੀ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

## ਟੈਸਟ (Test) / ਬਹੁ ਵਿਕਲਪ ਵਾਲੇ ਪ੍ਸ਼ਨ (MCQs) ਵਿਚ ਪ੍ਰਵੇਸ਼ ਕਰੋ।

ਹੋਮ → ਹੋਮ ਪੇਜ਼ → ਟੈਸਟ / ਬਹੁ ਵਿਕਲਪ ਵਾਲੇ ਪ੍ਸ਼ਨ

1- ਬਹੁ-ਵਿਕਲਪ ਵਾਲੇ ਪ੍ਰਸ਼ਨ ਜਾਂ ਟੈਸਟ ਵਿਚ ਪ੍ਰਵੇਸ਼ ਕਰਨ ਲਈ, ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲ੍ਹਣ ਤੇ ਟੈਸਟ / ਬਹੁ ਵਿਕਲਪ ਵਾਲੇ ਪ੍ਸ਼ਨ ਉੱਪਰ ਕਲਿੱਕ ਕਰੋ।

2- ਪ੍ਰਸ਼ਨ ਨੂੰ ਪੜ੍ਹ ਕੇ ਸਹੀ ਵਿਕਲਪ ਤੇ ਕਲਿੱਕ ਕਰੋ।



ਉੱਤਰ ਗਲਤ ਹੋਵੇਗਾ ਤਾਂ ਸਹੀ ਜਵਾਬ ਆਪਣੇ ਆਪ ਦਿਖਾ ਦਿੱਤਾ ਜਾਵੇਗਾ। ਉਤੱਰ ਗਲਤ ਹੈ ਤਾਂ ਗਲਤ ਦਾ ਨਿਸ਼ਾਨ (×) ਦਿਖਾਈ ਦਵੇਗਾ।


ਟੈਸਟ / ਬਹੁ ਵਿਕਲਪ ਵਾਲੇ ਪ੍ਰਸ਼ਨ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਪੇਜ਼ ਉਪਰ ਕਲਿੱਕ ਕਰੋ। ਜੀਵੇਂ ਤੁਸੀ ਪਹਿਲਾਂ ਟੈਸਟ / ਬਹੁ ਵਿਕਲਪ ਵਾਲੇ ਪ੍ਰਸ਼ਨ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।


## ਖੇਡ (Games) ਵਿਚ ਪ੍ਰਵੇਸ਼ ਕਰੋ।

ਹੋਮ → ਹੋਮ ਪੇਜ਼ → ਖੇਡ

ਖੇਡ ਵਿਚ ਪ੍ਰਵੇਸ਼ ਕਰਨ ਲਈ, ਕਰਸਰ **(cursor)** ਨੂੰ ਹੋਮ ਤੇ ਲਿਆ ਕੇ ਕਲਿੱਕ ਕਰੋ। ਹੋਮ ਪੇਜ਼ ਖੁੱਲਣ ਤੇ ਖੇਡ ਤੇ ਕਲਿੱਕ ਕਰੋ।

ਖੇਡ ਬਟਨ – ਇਸ ਬਟਨ ਉਪਰ ਕਲਿੱਕ ਕਰਕੇ ਤੁਸੀ ਖੇਡ ਪੰਨੇ ਤਕ ਪਹੁੰਚ ਸਕਦੇ ਹੋ। ਖੇਡ ਪੰਨੇ ਤੇ ਤੁਸੀ ਕਈ ਬਟਨ ਜਿਵੇਂ ਕਿ ਖੇਡ ਬਟਨ, ਉਦੇਸ਼ ਬਟਨ, ਕੰਟ੍ਰੋਲ, ਇੱਕ ਖਿਡਾਰੀ ਬਟਨ ਦੋ ਖਿਡਾਰੀ ਬਟਨ, ਖੇਡਣਾ ਛੱਡੋ ਬਟਨ ਦੇਖ ਸਕਦੇ ਹੋ। ਤੁਸੀ ਆਪਣੀ ਇੱਛਾ ਅਨੁਸਾਰ ਕਿਸੇ ਵੀ ਬਟਨ ਤੇ ਕਲਿੱਕ ਕਰ ਸਕਦੇ ਹੋ, ਨਹੀਂ ਤਾਂ ਖੇਡਣਾ ਛੱਡ ਸਕਦੇ ਬਟਨ ਉਪਰ ਕਲਿੱਕ ਕਰ ਕੇ ਤੁਸੀ ਆਪਣੀ ਪਹਿਲੇ ਵਾਲੀ ਸਥਿਤੀ ਵਿਚ ਵਾਪਸ ਆ ਜਾਓਗੇ। ਵਿਦਿਆਰਥੀ ਆਪਣਾ ਨਾਮ ਦਰਜ ਕਰਕੇ ਖੇਡ ਨੂੰ ਖੇਡ ਸਕਦੇ ਹਨ।






ਖੇਡ ਤੋਂ ਬਾਹਰ ਆਉਣ ਲਈ ਜਾਂ ਕਿਸੇ ਹੋਰ ਘਟਕ ਵਿਚ ਜਾਣ ਲਈ ਹੋਮ ਉਪਰ ਕਲਿੱਕ ਕਰੋ। ਜਿਵੇਂ ਤੁਸੀ ਪਹਿਲਾਂ ਖੇਡ ਵਿਚ ਪ੍ਰਵੇਸ਼ ਕਰਨ ਲਈ ਕੀਤਾ ਸੀ ਉਸੇ ਤਰ੍ਹਾਂ ਵਿਸ਼ੇਸ਼ ਘਟਕ ਚੁਣ ਕੇ ਫਿਰ ਕਲਿੱਕ ਕਰੋ।

### ਬੰਦ **(Close)** ਕਿਵੇਂ ਕਰੀਏ?

ਹਰ ਸਕ੍ਰੀਨ ਤੇ ਉਪਰ ਸੱਜੇ ਪਾਸੇ ਬੰਦ **(Close)** ਬਟਨ ਹੁੰਦਾ ਹੈ। ਇਸ ਨੂੰ ਕਲਿੱਕ ਕਰਨ ਤੇ ਪ੍ਰੋਗ੍ਰਾਮ ਬੰਦ ਹੋ ਜਾਂਦਾ ਹੈ।



## 6. ਜ਼ਰੂਰੀ ਹਾਰਡਵੇਅਰ ਅਤੇ ਸਾਫ਼ਟਵੇਅਰ

ਇਹਨਾਂ ਸਾਫ਼ਟਵੇਅਰਾਂ ਨੂੰ ਚਲਾਉਣ ਲਈ ਨਿਮਨਲਿਖਤ ਹਾਰਡਵੇਅਰ ਅਤੇ ਸਾਫ਼ਟਵੇਅਰਾਂ ਦਾ ਹੋਣਾ ਜ਼ਰੂਰੀ ਹੈ।

**ਜ਼ਰੂਰੀ ਹਾਰਡਵੇਅਰ**

- ਇੰਟੇਲ ਪੇਂਟਿਯਮ III ਕੰਪਿਊਟਰ, ਮੈਗਾ ਹਰਟਜ਼
- ਘੱਟੋ ਘੱਟ RAM 128 MB
- CD / DVD ROM ਡ੍ਰਾਈਵ 48 X
- ਮਲਟੀਮੀਡੀਆ ਸਪੀਕਰ
- ਸਾਊਂਡ ਕਾਰਡ

### ਜ਼ਰੂਰੀ ਸਾਫਟਵੇਅਰ

- ਵਿਸ਼ੇ ਵਸਤੂ ਨੂੰ ਵਿੰਡੋਜ਼ ਦੇ ਕਿਸੇ ਵੀ ਆਪਰੇਟਿੰਗ ਸਿਸਟਮ ਉੱਪਰ ਚਲਾਇਆ ਜਾ ਸਕਦਾ ਹੈ।

## ਕਮਪੈਕਟ ਡਿਸਕ (CD) ਦੀ ਸੰਭਾਲ (Maintenance)

ਕਮਪੈਕਟ ਡਿਸਕ ਵਿਚ ਹੇਠਲੇ ਹਿੱਸੇ ਹੁੰਦੇ ਹਨ

- ਲੇਬਲ
- ਏਕ੍ਰਾਲਿਕ ਪਲਾਸਟਿਕ ਦੀ ਰੱਖਿਆ ਪਰਤ
- ਧਾਤੂ ਦੀ ਪਤਲੀ ਪਰਤ ਦਾ ਪਰਾਵਰਤੀ ਲੇਪ
- ਪਾਲੀਕਾਰਬੋਨੇਟ ਪਾਲੀਮਰ ਦਾ ਬਣਿਆ ਪਾਰਦਰਸ਼ੀ ਅਤੇ ਗੋਲਾਕਾਰ ਅੱਧਾ ਪੱਧਰ (substrate)

ਹਾਰਡਵੇਅਰ ਕੰਪਨੀ ਵਲੋਂ ਦਿੱਤੀ ਗਈ ਨਿਰਦੇਸ਼ ਪੁਸਤਕ ਮੁਤਾਬਿਕ CD-ROM ਡ੍ਰਾਈਵ ਦਾ ਉਪਯੋਗ ਕਰੋ:

1. ਆਪਣੇ CD-ROM ਡ੍ਰਾਈਵ ਜਾਂ CD ਉਪਰ ਕੋਈ ਚੀਜ਼ ਜਾਂ ਤਰਲ ਪਦਾਰਥ ਨਾ ਗਿਰਾਓ।
2. ਖੁਰਦਰੀ ਜਾਂ ਗੰਦੀ ਸਤ੍ਹਾ ਤੇ CD ਨੂੰ ਹੇਠਾਂ ਵਲ ਕਰਕੇ ਕਦੇ ਨਾ ਰਖੋ। ਇਸ ਨਾਲ ਖਰੋਂਚ ਲੱਗ ਸਕਦੀ ਹੈ।
3. ਉਂਗਲੀ ਦੇ ਨਿਸ਼ਾਨ ਜਾਂ ਮੈਲ ਲੱਗਣ ਨਾਲ ਵੀ ਖਰੋਂਚ ਲੱਗ ਸਕਦੀ ਹੈ।
4. ਡਿਸਕ ਦੀ ਪੜ੍ਹੀ ਜਾਣ ਵਾਲੀ ਲੇਬਲ ਤੋਂ ਬਗੈਰ ਵਾਲੀ ਸਤ੍ਹਾ ਨੂੰ ਨਾ ਸਪਰਸ਼ ਕਰੋ।
5. ਪੜ੍ਹੀ ਜਾਣ ਵਾਲੀ ਸਤ੍ਹਾ ਨੂੰ ਸਪਰਸ਼ ਤੋਂ ਬਚਾਉਣ ਲਈ CD ਨੂੰ ਕਿਨਾਰਿਆਂ ਤੋਂ ਪਕੜੋ।
6. CD ਨੂੰ ਖਰੋਂਚ, ਚਟਕ ਜਾਂ ਟੁੱਟ-ਭੱਜ ਤੋਂ ਸੁਰੱਖਿਅਤ ਰੱਖੋ।

7. ਲੋੜ ਪੈਣ ਤੇ CD ਨੂੰ ਸਾਫ਼ ਅਤੇ ਮੁਲਾਇਮ ਰੂੰ ਨਾਲ ਸਾਫ਼ ਕਰੋ।
8. CD ਨੂੰ ਹਮੇਸ਼ਾ ਵਿਚੋਂ ਦੀ ਛੇਦ ਵਾਲੇ ਪਾਸੇ ਤੋਂ ਬਾਹਰੀ ਕਿਨਾਰਿਆਂ ਦੀ ਤਰਫ਼ ਸਾਫ਼ ਕਰੋ।
9. ਗੋਲਾਈ ਵਿਚ ਸਾਫ ਨਾ ਕਰੋ, ਇਹ ਨਿਸ਼ਾਨ ਛੱਡ ਸਕਦਾ ਹੈ।
10. CD ਰੱਖਣ ਵਾਲੇ ਕਵਰ ਵਿਚ (Cover) ਪੜ੍ਹੀ ਜਾਣ ਵਾਲੀ ਸਤ੍ਹਾ ਨੂੰ ਹੇਠਾਂ ਵੱਲ ਨੂੰ ਕਰਕੇ ਰੱਖੋ।
11. ਸ਼ਕਤੀਸ਼ਾਲੀ ਚੁੰਬਕੀ ਖੇਤਰਾਂ, ਉੱਚ ਤਾਪ ਅਤੇ ਨਮੀ ਤੋ CD ਨੂੰ ਸੁਰੱਖਿਅਤ ਰੱਖੋ।

## 7. ਪ੍ਰਤਿਕਿਰਿਆ *(Feedback Form)*

ਇਸ ਫਾਰਮ ਨੂੰ ਭਰਨ ਲਈ ਕਿਰਪਾ ਕਰਕੇ ਕੁਝ ਮਿੰਟ ਵਿਚਾਰ ਕਰੋ, ਕਿਉਂਕਿ ਸੁਧਾਰ ਅਤੇ ਬੇਹਤਰ ਸੇਵਾ ਦੇਣ ਲਈ ਤੁਹਾਡੇ ਵੱਲੋਂ ਦਿੱਤੀ ਗਈ ਜਾਣਕਾਰੀ ਬਹੁਤ ਮਹੱਤਵਪੂਰਨ ਹੈ।

ਹੇਠਾਂ ਦਿੱਤੇ ਗਏ ਬਾਕਸਾਂ ਵਿਚੋ ਕਿਸੇ ਇੱਕ ਬਾਕਸ ਤੇ ✓ ਸਹੀ ਦੇ ਨਿਸ਼ਾਨ ਰਾਹੀ ਆਪਣੀ ਪ੍ਰਤੀਕਿਰਿਆ ਦਰਸਾਓ।

| | | |
|---|---|---|
| ਬਹੁਤ ਵਧੀਆ ☐ | ਵਧੀਆ ☐ | ਔਸਤ ☐ |

1. ਕੀ ਪੇਸ਼ ਕੀਤਾ ਗਿਆ ਕੰਟੈਂਟ ਆਪਣਾ ਟੀਚਾ ਅਤੇ ਉਦੇਸ਼ ਪੂਰਾ ਕਰ ਸਕੇਗਾ?

| | | |
|---|---|---|
| ਹਾਂ ☐ | ਪਤਾ ਨਹੀਂ ☐ | ਨਹੀਂ ☐ |

2. ਵਿਸੇ - ਵਸਤੂ ਬਾਰੇ ਤੁਹਾਡਾ ਕੀ ਵਿਚਾਰ ਹੈ?

| | |
|---|---|
| ਉੱਤਮ | ☐ |
| ਵੇਰਵੇ ਸਹਿਤ | ☐ |
| ਸਮਝਣ ਵਿਚ ਆਸਾਨ | ☐ |
| ਸਮਝਣ ਵਿਚ ਮੁਸ਼ਕਿਲ | ☐ |
| ਫਾਇਦੇਮੰਦ | ☐ |
| ਬਹੁਤਾ ਫਾਇਦੇਮੰਦ ਨਹੀਂ | ☐ |
| ਸੰਗਤ | ☐ |

3. ਮਲਟੀਮੀਡੀਆ ਚਿਤਰਣ ਨੂੰ ਤੁਸੀਂ ਕਿਸ ਸ਼੍ਰੇਣੀ ਵਿੱਚ ਰੱਖਦੇ ਹੋ?

ਉੱਤਮ ☐ ਬਹੁਤ ਵਧੀਆ ☐ ਵਧੀਆ ☐ ਔਸਤ ☐

4. ਕਿਰਿਆਕਲਾਪਾਂ ਤੋਂ ਤੁਸੀ ਕਿੰਨਾ ਫ਼ਾਇਦਾ ਚੁੱਕਿਆ?

ਬਹੁਤ ਜ਼ਿਆਦਾ ☐ ਥੋੜਾ ☐ ਨਹੀ ☐

6. ਕੀ ਪੜ੍ਹਾਉਣ ਅਤੇ ਪੜ੍ਹਨ ਦੋਵਾਂ ਕਿਰਿਆਵਾਂ ਲਈ ਵਿਸ਼ੇ - ਵਸਤੂ ਨੂੰ ਪੜ੍ਹਨ ਤੋਂ ਬਾਅਦ ਤੁਹਾਡੇ ਵਿਚਾਰ ਵਿਚ ਕੋਈ ਧਿਆਨ ਦੇਣ ਯੋਗ ਪਰਿਵਰਤਨ ਹੈ।

ਹਾਂ ☐ ਵਿਸ਼ੇਸ਼ ਨਹੀਂ ☐ ਨਹੀਂ ☐

7. ਸਾਡੇ ਵਲੋਂ ਸਕ੍ਰੀਨ ਨੂੰ ਪੇਸ਼ ਕਰਨ ਅਤੇ ਰੰਗ - ਯੋਜਨਾ ਨੂੰ ਤੁਸੀ ਕਿਸ ਤਰ੍ਹਾਂ ਪਸੰਦ ਕਰਦੇ ਹੋ?

8. ਹੋਰ ਜਾਣਕਾਰੀ ਖੰਡ ਨੂੰ ਤੁਸੀ ਕਿਸ ਸ਼੍ਰੇਣੀ ਵਿਚ ਰਖਦੇ ਹੋ?

ਉਤਮ ☐ ਬਹੁਤ ਵਧੀਆ ☐ ਔਸਤ ☐ ਫਾਇਦੇਮੰਦ ਨਹੀਂ ☐

9. ਸੁਧਾਰ ਲਈ ਤੁਸੀ ਕੀ ਪਰਿਵਰਤਨ ਚਾਹੁੰਦੇ ਹੋ?

ਇਸ ਸੰਬੰਧ ਵਿਚ ਸਾਨੂੰ ਜ਼ਰੂਰ ਸੂਚਿਤ ਕਰੋ।

______________________________

______________________________

______________________________

10. ਕਿਰਪਾ ਕਰਕੇ ਆਪਣਾ ਨਾਂ ਅਤੇ ਸੰਪਰਕ ਵੇਰਵੇ ਲਿਖੋ।

ਨਾਂ ____________________

ਅਹੁਦਾ ____________________

ਸੰਸਥਾ ____________________

ਪਤਾ ____________________

ਫੋਨ / ਮੋਬਾਇਲ ਨੰ. ____________________

# ਮਹੱਤਵਪੂਰਨ ਫੀਡਬੈਕ ਲਈ ਤੁਹਾਡਾ ਧੰਨਵਾਦ